DOIs:10.2018/SS/202411002 --:-- Research Paper / Article / Review

# ਸਾਈਬਰ ਧੋਖਾਧੜੀ ਦੀ ਦਾਸਤਾਨ

**ਡਾ. ਸੰਦੀਪ ਸਿੰਘ ਮੁੰਡੇ**
ਪ੍ਰਿੰਸੀਪਲ ਅਤੇ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ, ਸੀਸੀ ਹੈਡ, ਸ੍ਰੀ ਗੰਗਾਨਗਰ, ਰਾਜਸਥਾਨ, ਭਾਰਤ
ਕਨਵੀਨਰ, ਬੋਰਡ ਔਫ ਸਟਡੀਜ਼, ਪੰਜਾਬੀ, ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ, ਰਾਜਸਥਾਨ, ਭਾਰਤ
Email – sandeepmunday@gmail.com

**Abstract:** *ਅਜੋਕੇ ਸਮੇਂ 'ਚ ਸਾਈਬਰ ਅਪਰਾਧਾਂ ਅਤੇ ਸਾਈਬਰ ਧੋਖਾਧੜੀ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਇਸ ਧੰਦੇ ਨਾਲ ਜੁੜੇ ਲੋਕ ਨਵੇਂ-ਨਵੇਂ ਤਰੀਕਿਆਂ ਨਾਲ ਆਮ ਲੋਕਾਂ ਨੂੰ ਧੋਖਾਧੜੀ ਦਾ ਸ਼ਿਕਾਰ ਬਣਾਉਂਦੇ ਹਨ। ਟੈਕਨਾਲੋਜੀ ਦੀ ਦੁਰਵਰਤੋਂ ਕਰਕੇ ਇਹ ਲੋਕ ਇਨ੍ਹੀਂ ਸਫਾਈ ਅਤੇ ਢੰਗ ਨਾਲ ਕੰਮ ਕਰਦੇ ਹਨ ਕਿ ਇਹ ਬਿਲਕੁਲ ਅਸਲੀ ਲੱਗਦਾ ਹੈ। ਇਸੇ ਖਾਸੀਅਤ ਕਾਰਨ ਬਹੁਤ ਸਾਰੇ ਲੋਕ ਇਨ੍ਹਾਂ ਦੇ ਝਾਂਸੇ ਵਿੱਚ ਫ਼ਸ ਜਾਂਦੇ ਹਨ। ਜੇਕਰ ਅਸੀਂ ਅਜਿਹੀ ਧੋਖਾਧੜੀ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਜੇ ਕੋਈ ਅਣ-ਅਧਿਕਾਰਤ ਮੈਸੇਜ ਜਾਂ ਫੋਨ ਆਉਂਦਾ ਹੈ ਤਾਂ ਉਸ ਨਾਲ ਗੱਲ ਕਰਨ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਦੀਆਂ ਗੱਲਾਂ ਵਿੱਚ ਫਸਣਾ ਚਾਹੀਦਾ ਹੈ। ਅਣਪਛਾਤੇ ਨੰਬਰ ਤੋਂ ਆਈ ਵਟਸਐਪ ਆਡੀਓ ਜਾਂ ਵੀਡੀਓ ਕਾਲ ਕਦੇ ਵੀ ਨਹੀਂ ਚੁੱਕਣੀ ਚਾਹੀਦੀ। ਜੇਕਰ ਕਿਸੇ ਨਾਲ ਅਜਿਹਾ ਕੁਝ ਵਾਪਰਦਾ ਹੈ ਤਾਂ ਤੁਰੰਤ ਪੁਲਿਸ ਨੂੰ ਸ਼ਿਕਾਇਤ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਅਪਰਾਧਾਂ 'ਚ ਵਾਧੇ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਸਾਈਬਰ ਅਪਰਾਧ ਕਾਨੂੰਨਾਂ ਨੂੰ ਜਿਆਦਾ ਸਖਤ ਕੀਤਾ ਜਾਣਾ ਚਾਹੀਦਾ ਹੈ ਅਤੇ ਜਲਦੀ ਨਿਆਂ ਪ੍ਰਦਾਨ ਕਰਨ ਲਈ ਵਿਸ਼ੇਸ਼ ਅਦਾਲਤਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਾਈਬਰ ਅਪਰਾਧਾਂ ਤੋਂ ਬਚਣ ਲਈ ਆਮ ਲੋਕਾਂ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ।*

**Key Words:** *ਸਾਈਬਰ ਅਪਰਾਧ, ਧੋਖਾਧੜੀ, ਆਨਲਾਈਨ, ਟੈਕਨਾਲੋਜੀ ਦੀ ਦੁਰਵਰਤੋਂ, ਸਾਈਬਰ ਅਪਰਾਧ ਕਾਨੂੰਨ।*

ਅਜੋਕਾ ਸਮਾਂ ਟੇਕਨੋਲੋਜੀ ਦਾ ਯੁੱਗ ਹੈ। ਲੋਕ ਇਸ ਟੈਕਨਾਲੋਜੀ ਦੀ ਵਰਤੋਂ ਚੰਗੇ-ਮਾੜੇ ਕੰਮਾਂ ਲਈ ਕਰ ਰਹੇ ਹਨ। ਹਾਲ ਦੇ ਸਾਲਾਂ 'ਚ ਸਾਈਬਰ ਅਪਰਾਧਾਂ ਅਤੇ ਸਾਈਬਰ ਧੋਖਾਧੜੀ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਇਸ ਧੰਦੇ ਨਾਲ ਜੁੜੇ ਲੋਕ ਨਵੇਂ-ਨਵੇਂ ਤਰੀਕਿਆਂ ਨਾਲ ਆਮ ਲੋਕਾਂ ਨੂੰ ਧੋਖਾਧੜੀ ਦਾ ਸ਼ਿਕਾਰ ਬਣਾਉਂਦੇ ਹਨ। ਟੈਕਨਾਲੋਜੀ ਦੀ ਦੁਰਵਰਤੋਂ ਕਰਕੇ ਇਹ ਲੋਕ ਇਨ੍ਹੀਂ ਸਫਾਈ ਅਤੇ ਢੰਗ ਨਾਲ ਕੰਮ ਕਰਦੇ ਹਨ ਕਿ ਇਹ ਬਿਲਕੁਲ ਅਸਲੀ ਲੱਗਦਾ ਹੈ। ਇਸੇ ਖਾਸੀਅਤ ਕਾਰਨ ਬਹੁਤ ਸਾਰੇ ਲੋਕ ਇਨ੍ਹਾਂ ਦੇ ਝਾਂਸੇ ਵਿੱਚ ਫ਼ਸ ਜਾਂਦੇ ਹਨ। ਪਿਛਲੇ ਦਿਨੀਂ ਮੈਂ ਵੀ ਇਨ੍ਹਾਂ ਦੇ ਝਾਂਸੇ ਵਿੱਚ ਆ ਗਿਆ, ਪਰ ਠੱਗੀ ਦਾ ਸ਼ਿਕਾਰ ਹੁੰਦਾ-ਹੁੰਦਾ ਬਚ ਗਿਆ। ਇਸ ਦਾਸਤਾਨ ਨੂੰ ਮੈਂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਇੱਕ ਦਿਨ ਮੈਂ ਆਪਣੇ ਰੁਟੀਨ ਮੁਤਾਬਿਕ ਸਵੇਰੇ ਸੈਰ ਤੋ ਬਾਅਦ ਨਹਾ-ਧੋ ਕੇ ਆਪਣਾ ਲੈਪਟਾਪ ਖੋਲ੍ਹ ਇੱਕ ਖੋਜ-ਪੇਪਰ ਲਿਖਣ ਲਈ ਬੈਠਾ ਹੀ ਸੀ ਕਿ ਮੇਰੇ ਮੋਬਾਈਲ ਦੀ ਘੰਟੀ ਵੱਜੀ। ਮੈਂ ਸਪੀਕਰ 'ਤੇ ਫ਼ੋਨ ਕਰਕੇ ਸੁਣਿਆ ਤਾਂ ਕੰਪਿਊਟਰ ਨੇ ਬੋਲਣਾ ਸ਼ੁਰੂ ਕੀਤਾ, "ਇਹ ਕਾਲ ਤੁਹਾਨੂੰ ਇੰਡੀਅਨ ਪੋਸਟ ਦੀ ਇੰਟਰਨੈਸ਼ਨਲ ਸਰਵਿਸ ਵੱਲੋਂ ਕੀਤੀ ਜਾ ਰਹੀ ਹੈ। ਅਸੀਂ ਮੁਆਫ਼ੀ ਨਾਲ ਦੱਸਣਾ ਚਾਹੁੰਦੇ ਹਾਂ ਕਿ ਤੁਹਾਡਾ ਰਜਿਸਟਰ ਪਾਰਸਲ ਦਿੱਤੇ ਐਡਰੈੱਸ 'ਤੇ ਨਹੀਂ ਪਹੁੰਚ ਸਕਿਆ ਹੈ। ਜੇਕਰ ਤੁਸੀਂ ਇਸ ਪਾਰਸਲ ਬਾਰੇ ਜ਼ਿਆਦਾ ਜਾਣਕਾਰੀ ਚਾਹੁੰਦੇ ਹੋ ਤਾਂ ਪੰਜ ਦਬਾਓ।" ਮੈਂ ਇਹ ਸੁਣ ਕੇ ਸ਼ਸ਼ੋਪੰਜ ਵਿੱਚ ਪੈ ਗਿਆ ਕਿ ਮੇਰੀ ਕਿਹੜੀ ਰਜਿਸਟਰਡ ਪਾਰਸਲ ਨੂੰ ਇੰਡੀਅਨ ਪੋਸਟ ਦਿੱਤੇ ਐਡਰੈੱਸ ਤੇ ਨਹੀਂ ਪਹੁੰਚਾ ਸਕਿਆ। ਮੈਂ ਦਿਮਾਗ਼ 'ਤੇ ਜ਼ੋਰ ਦੇ ਕੇ ਸੋਚਣ ਲੱਗਿਆ ਹੀ ਸੀ ਕਿ ਮੋਬਾਈਲ ਤੋ ਦੁਬਾਰਾ ਆਵਾਜ਼ ਆਈ, "ਜੇਕਰ ਤੁਸੀਂ ਆਪਣੇ ਪਾਰਸਲ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਪੰਜ ਦਵਾਓ।" ਮੈਂ ਤੁਰੰਤ ਪੰਜ ਦਵਾ ਦਿੱਤਾ। ਫਿਰ ਕੰਪਿਊਟਰ ਬੋਲਿਆ ਕਿ ਤੁਸੀਂ ਹਿੰਦੀ ਜਾਂ ਅੰਗਰੇਜ਼ੀ ਵਿੱਚੋਂ ਕਿਹੜੀ ਭਾਸ਼ਾ ਵਿੱਚ ਕਸਟਮਰ ਕੇਅਰ ਨਾਲ ਗੱਲ ਕਰਨਾ ਚਾਹੋਗੇ ਤਾਂ ਮੈਂ ਹਿੰਦੀ ਨੂੰ ਚੁਣ ਲਿਆ।

ਕੁਝ ਸੈਕੰਡ ਬਾਅਦ 'ਹੈਲੋ' ਦੀ ਆਵਾਜ਼ ਆਈ ਤੇ ਕਸਟਮਰ ਕੇਅਰ ਵਾਲੇ ਨੇ ਕਿਹਾ, "ਭਾਰਤੀ ਡਾਕ ਦੀ ਇੰਟਰਨੈਸ਼ਨਲ ਸੇਵਾ ਵਿੱਚ ਤੁਹਾਡਾ ਸਵਾਗਤ ਹੈ, ਅਸੀਂ ਤੁਹਾਡੀ ਕਿਵੇਂ ਮਦਦ ਕਰ ਸਕਦੇ ਹਾਂ।" ਮੈਂ ਕਿਹਾ, "ਮੈਨੂੰ ਉਸ ਪਾਰਸਲ ਬਾਰੇ ਜਾਣਕਾਰੀ ਦਿਓ ਜੋ ਦਿੱਤੇ ਐਡਰੈੱਸ ਤੇ ਪਹੁੰਚ ਨਹੀਂ ਸਕਿਆ।" ਉਸਨੇ ਕਿਹਾ "ਕਿਰਪਾ ਕਰਕੇ ਲਾਈਨ 'ਤੇ ਬਣੇ ਰਹੋ, ਅਸੀਂ ਜਾਣਕਾਰੀ ਚੈੱਕ ਕਰਕੇ ਦੱਸਦੇ ਹਾਂ।" ਕੁਝ ਸਮੇਂ ਬਾਅਦ ਉਸਨੇ ਦੱਸਿਆ ਕਿ

ਤੁਸੀਂ ਇੱਕ ਪਾਰਸਲ ਮੁੰਬਈ ਈਸਟ ਤੋ ਦੁਬਈ ਲਈ ਰਜਿਸਟਰਡ ਕਰਵਾਇਆ ਸੀ ਜੋ ਕਿ ਦੁਬਈ ਨਹੀਂ ਪਹੁੰਚ ਸਕਿਆ ਹੈ। ਮੈਂ ਜੁਆਬ ਵਿੱਚ ਕਿਹਾ ਕਿ ਮੈਂ ਕੋਈ ਦੁਬਈ ਲਈ ਪਾਰਸਲ ਰਜਿਸਟਰਡ ਨਹੀਂ ਕਰਵਾਇਆ। ਉਸਨੇ ਮੇਰਾ ਨਾਂ, ਮੋਬਾਈਲ ਨੰਬਰ, ਆਧਾਰ ਨੰਬਰ ਅਤੇ ਐਡਰੈੱਸ ਦੱਸਿਆ। ਕਸਟਮਰ ਕੇਅਰ ਵੱਲੋਂ ਦਿੱਤੀ ਗਈ ਜਾਣਕਾਰੀ ਮੇਰੀ ਆਪਣੀ ਹੀ ਸੀ। ਉਸ ਨੇ ਦੱਸਿਆ ਕਿ ਤੁਹਾਡੇ ਵੱਲੋਂ ਭੇਜੇ ਜਾ ਰਹੇ ਇਸ ਪਾਰਸਲ ਨੂੰ ਕਸਟਮ ਵਿਭਾਗ ਵਾਲਿਆਂ ਨੇ ਜ਼ਬਤ ਕਰ ਲਿਆ ਹੈ। ਮੈਂ ਕਿਹਾ ਕਿ ਮੇਰੀ ਨਾ ਤਾ ਕੋਈ ਦੁਬਈ ਵਿੱਚ ਜਾਣਕਾਰੀ ਹੈ ਅਤੇ ਨਾ ਹੀ ਕੋਈ ਰਿਸ਼ਤੇਦਾਰ। ਮੈਂ ਗੰਗਾਨਗਰ ਦਾ ਰਹਿਣ ਵਾਲਾ ਮੁੰਬਈ ਜਾ ਕੇ ਕਿਸੇ ਨੂੰ ਕੋਈ ਪਾਰਸਲ ਕਿਉਂ ਭੇਜਾਂਗਾ, ਇਸ ਕਰਕੇ ਇਹ ਪਾਰਸਲ ਮੇਰਾ ਨਹੀਂ ਹੈ।

ਕਸਟਮਰ ਕੇਅਰ ਵਾਲੇ ਨੇ ਦੱਸਿਆ ਕਿ ਸਾਡਾ ਫ਼ਰਜ਼ ਹੈ ਕਿ ਜੋ ਪਾਰਸਲ ਦਿੱਤੇ ਪਤੇ 'ਤੇ ਨਹੀਂ ਪਹੁੰਚਦੇ, ਅਸੀਂ ਉਸ ਦੀ ਜਾਣਕਾਰੀ ਭੇਜਣ ਵਾਲੇ ਨਾਲ ਸਾਂਝੀ ਕਰਦੇ ਹਾਂ। ਇਸ ਕਰਕੇ ਅਸੀਂ ਤੁਹਾਨੂੰ ਜਾਣਕਾਰੀ ਦੇ ਰਹੇ ਹਾਂ ਅਤੇ ਇਹ ਵੀ ਹੋ ਸਕਦਾ ਹੈ ਕਿ ਤੁਹਾਡੇ ਆਧਾਰ ਕਾਰਡ ਦੀ ਡਿਟੇਲਜ਼ ਨੂੰ ਕਿਸੇ ਨੇ ਮਿੱਸ-ਯੂਜ਼ ਕੀਤਾ ਹੋਵੇ। ਇਸ ਲਈ ਤੁਸੀਂ ਕਾਪੀ ਪੈੱਨ ਲਓ ਅਤੇ ਪਾਰਸਲ ਦੀ ਪੂਰੀ ਜਾਣਕਾਰੀ ਨੋਟ ਕਰ ਲਓ। ਉਸਨੇ ਮੈਨੂੰ ਪਾਰਸਲ ਭੇਜਣ ਦਾ ਰਜਿਸਟਰਡ ਨੰਬਰ ਦੱਸਦੇ ਹੋਏ ਕਿਹਾ ਕਿ ਇਹ ਪਾਰਸਲ 5 ਸਤੰਬਰ 2024 ਨੂੰ ਇੰਡੀਅਨ ਇੰਟਰਨੈਸ਼ਨਲ ਸਰਵਿਸ, ਅੰਧੇਰੀ ਈਸਟ ਮੁੰਬਈ ਬਰਾਂਚ ਵਿੱਚ ਰਜਿਸਟਰਡ ਕਰਵਾਇਆ ਗਿਆ ਸੀ ਅਤੇ ਇਸ ਨੂੰ ਸ਼ੇਖ਼ ਅਬਦੁਲ ਗਫਾਰ ਨੂੰ ਭੇਜਿਆ ਜਾਣਾ ਸੀ। ਉਸ ਨੇ ਮੈਨੂੰ ਸ਼ੇਖ਼ ਅਬਦੁਲ ਗਫਾਰ ਦਾ ਮੋਬਾਈਲ ਨੰਬਰ, ਪੂਰਾ ਪਤਾ ਅਤੇ ਪਿੰਨ ਕੋਡ ਤੱਕ ਦੱਸਦਿਆਂ ਕਿਹਾ ਕਿ ਇਸ ਪਾਰਸਲ ਨੂੰ ਕਸਟਮ ਵਿਭਾਗ ਵਾਲਿਆਂ ਨੇ ਜ਼ਬਤ ਕਰ ਲਿਆ ਹੈ, ਕਿਉਂਕਿ ਇਸ ਵਿੱਚੋਂ 9 ਪੁਲਿਸ ਵਰਦੀਆਂ, 13 ਪੁਲਿਸ ਆਈ ਕਾਰਡ, 150 ਗ੍ਰਾਮ ਕੇਟਾਮੀਨ ਡਰੱਗ ਅਤੇ 3 ਡੈਬਿਟ ਕਾਰਡ ਫੜੇ ਗਏ ਹਨ।

ਮੈਂ ਇਨ੍ਹਾਂ ਸੁਣਦੇ ਹੀ ਘਬਰਾ ਗਿਆ। ਮੈਂ ਉਸ ਨੂੰ ਕਿਹਾ ਕਿ ਮੈਂ ਕਿਵੇਂ ਯਕੀਨ ਕਰਾਂ ਕਿ ਤੁਸੀਂ ਇੰਡੀਅਨ ਪੋਸਟ ਵਿਭਾਗ ਤੋ ਹੀ ਗੱਲ ਕਰ ਰਹੇ ਹੋ ਤਾਂ ਉਸ ਨੇ ਆਪਣਾ ਨਾਮ ਸੁਨੀਲ ਵਰਮਾ ਦੱਸਿਆ ਅਤੇ ਆਪਣਾ ਆਈ.ਡੀ. ਨੰਬਰ ਵੀ ਮੈਨੂੰ ਨੋਟ ਕਰਵਾਇਆ। ਉਸਨੇ ਮੇਰੇ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਤੁਸੀਂ ਇਸਦੀ ਸ਼ਿਕਾਇਤ ਪੁਲਿਸ ਥਾਣੇ ਦੇ ਦਿਓ ਤਾਂ ਕਿ ਤੁਹਾਡਾ ਬਚਾਅ ਹੋ ਸਕੇ, ਜੇਕਰ ਤੁਸੀਂ ਔਨਲਾਈਨ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹੋ ਤਾਂ ਮੈਂ ਤੁਹਾਡੀ ਕਾਲ ਮੁੰਬਈ ਪੁਲਿਸ ਦੀ ਸਾਈਬਰ ਕ੍ਰਾਈਮ ਟੀਮ ਨੂੰ ਟਰਾਂਸਫ਼ਰ ਕਰ ਦਿੰਦਾ ਹਾਂ। ਔਨਲਾਈਨ ਸ਼ਿਕਾਇਤ ਦੀ ਗੱਲ ਸੁਣ ਕੇ ਮੈਂ ਇਸ ਲਈ ਹਾਮੀ ਭਰ ਦਿੱਤੀ। ਕੁਝ ਸਮੇਂ ਬਾਅਦ ਉਹ ਕਾਲ ਮੁੰਬਈ ਪੁਲਿਸ ਥਾਣੇ ਵਿੱਚ ਟਰਾਂਸਫ਼ਰ ਹੋ ਗਈ ਤਾਂ ਉਹਨਾਂ ਨੇ ਮੇਰਾ ਸਵਾਗਤ ਕਰਦਿਆਂ ਕਿਹਾ ਕਿ ਜੇਕਰ ਤੁਹਾਡੇ ਨਾਲ ਕੋਈ ਔਨਲਾਈਨ ਫਰੋਡ ਜਾਂ ਕੁਝ ਗ਼ਲਤ ਹੋਇਆ ਹੈ ਤਾਂ ਜਾਣਕਾਰੀ ਡਿਟੇਲਜ਼ ਵਿੱਚ ਦਰਜ ਕਰਵਾ ਦਿਓ। ਮੈਂ ਇੰਡੀਅਨ ਪੋਸਟ ਦੇ ਕਸਟਮਰ ਕੇਅਰ ਵੱਲੋਂ ਦਿੱਤੀ ਜਾਣਕਾਰੀ ਨੋਟ ਕਰਵਾ ਦਿੱਤੀ। ਉਸਨੇ ਮੈਨੂੰ ਕਿਹਾ ਕਿ ਤੁਸੀਂ ਕਾਲ ਕੱਟਣਾ ਨਹੀਂ ਹੈ, ਅਸੀਂ ਤੁਹਾਡੀ ਛੇਤੀ ਹੀ ਮਦਦ ਕਰਦੇ ਹਾਂ।

ਇੱਕ ਟਿਊਨ ਵੱਜਣ ਤੋ ਬਾਅਦ ਉਹ ਕਾਲ ਇੱਕ ਹੋਰ ਪੁਲਿਸ ਅਧਿਕਾਰੀ ਨੇ ਚੁੱਕੀ ਤੇ ਕਿਹਾ ਕਿ ਤੁਹਾਡਾ ਮਾਮਲਾ ਬਹੁਤ ਹੀ ਪੇਚੀਦਾ ਹੈ, ਜੇਕਰ ਤੁਸੀਂ ਔਨਲਾਈਨ ਮਦਦ ਚਾਹੁੰਦੇ ਹੋ ਤਾਂ ਮੁੰਬਈ ਪੁਲਿਸ ਦੇ ਵੱਲੋਂ ਤੁਹਾਡੇ ਕੋਲ ਵੱਟਸਐਪ ਕਾਲ ਆਵੇਗੀ, ਤੁਸੀਂ ਉਸ ਨੂੰ ਰਿਸੀਵ ਕਰਕੇ ਆਪਣੀ ਕਹਾਣੀ ਬਿਆਨ ਕਰ ਦੇਣਾ। ਫ਼ੋਨ ਕੱਟਦੇ ਹੀ ਮੇਰੇ ਕੋਲ ਇੱਕ ਮੁੰਬਈ ਪੁਲਿਸ ਦੇ ਨਾਂ ਹੇਠਾਂ ਵੱਟਸਐਪ ਵੀਡੀਓ ਕਾਲ ਆ ਗਈ ਤੇ ਮੈਂ ਉਸਨੂੰ ਅਟੈਂਡ ਕਰ ਲਿਆ। ਇੱਕ ਪੁਲਿਸ ਦੀ ਵਰਦੀ ਪਾਈ ਅਧਿਕਾਰੀ ਬਣੇ ਬੈਠੇ ਬੰਦੇ, ਜਿਸ ਦਾ ਦਫ਼ਤਰ ਇੱਕ ਪੁਲਿਸ ਆਫ਼ਿਸ ਹੀ ਜਾਪਦਾ ਸੀ, ਨੇ ਮੈਥੋਂ ਸਾਰੀ ਗੱਲ ਪੁੱਛੀ ਅਤੇ ਕਿਹਾ ਕਿ ਤੁਸੀਂ ਔਨਲਾਈਨ ਰਹਿਣਾ, ਮੈਂ ਤੁਹਾਡੀ ਰਿਪੋਰਟ ਚੈੱਕ ਕਰਵਾਉਂਦਾ ਹਾਂ। ਫਿਰ ਉਸਨੇ ਦੋ ਤਿੰਨ ਜਗ੍ਹਾ 'ਤੇ ਗੱਲ ਕੀਤੀ ਉਸ ਗੱਲਬਾਤ ਦੀ ਰਿਕਾਰਡਿੰਗ ਮੈਨੂੰ ਵੀ ਸੁਣੀ। ਉਹ ਇੱਕ ਦੂਜੇ ਨੂੰ ਜੈ ਹਿੰਦ ਸਰ, ਜੈ ਹਿੰਦ ਸਰ ਕਰਕੇ ਗੱਲ ਕਰ ਰਹੇ ਸਨ, ਜਿਸ ਤੋ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਸੀ ਕਿ ਉਹ ਅਸਲੀ ਹਨ ਜਾਂ ਨਕਲੀ। ਉਹ ਕੁਝ ਸਮਾਂ ਵੀਡੀਓ ਕਾਲ 'ਤੇ ਰਹਿ ਕੇ ਮੈਨੂੰ ਆਪਣੀ ਸ਼ਕਲ ਦਿਖਾਉਂਦਾ ਰਿਹਾ ਤੇ ਉਸ ਨੇ ਆਪਣੇ ਆਪ ਨੂੰ ਜਾਂਚ ਅਧਿਕਾਰੀ ਅਨਵਰ ਰਾਣਾ ਵਜੋਂ ਪੇਸ਼ ਕੀਤਾ। ਫਿਰ ਉਸਨੇ ਕਿਹਾ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਕੇਸ ਦਾ ਔਨਲਾਈਨ ਹੀ ਨਿਪਟਾਰਾ ਹੋ ਜਾਏ ਤਾਂ ਤੁਸੀਂ ਕਾਲ 'ਤੇ ਬਣੇ ਰਹਿਣਾ। ਮੈਂ ਸੋਚਿਆ ਕਿ ਔਨਲਾਈਨ ਪੈਰਵੀ ਨਾਲ ਖੈੜਾ ਛੁੱਟ ਜਾਏਗਾ ਤਾਂ ਠੀਕ ਹੈ। ਪਰ ਇਹ ਸਭ ਕੁਝ ਮੇਰੇ ਮਨ ਦਾ ਵਹਿਮ ਸੀ।

ਉਸ ਨੇ ਕੁਝ ਸਮੇਂ ਬਾਅਦ ਮੇਰੇ ਨਾਲ ਗੱਲ ਕਰਦੇ ਹੋਏ ਕਿਹਾ ਕਿ ਅਸੀਂ ਤੁਹਾਡੇ ਆਧਾਰ ਕਾਰਡ ਦੀ ਪੜਤਾਲ ਕੀਤੀ ਹੈ ਤਾਂ ਪਤਾ ਲੱਗਿਆ ਹੈ ਕਿ ਤੁਹਾਡੇ ਤਿੰਨ ਬੈਂਕ ਖਾਤੇ ਮੁੰਬਈ ਵਿੱਚ ਐਕਟਿਵ ਹਨ, ਜਿਨ੍ਹਾਂ ਰਾਹੀਂ ਮਨੀ ਲੋਡਰਿੰਗ ਕਰਕੇ 2 ਕਰੋੜ 52 ਲੱਖ ਰੁਪਈਏ ਦੀ ਟੈਰਰ ਫੰਡਿੰਗ ਹੋਈ ਹੈ। ਇਹ ਸੁਣਦਿਆਂ ਹੀ ਮੇਰੀ ਸਿੱਟੀ-ਪਿੱਟੀ ਗੁੰਮ ਹੋ ਗਈ। ਮੈਂ ਕਿਹਾ ਕਿ ਇਹ ਕਿਵੇਂ ਸੰਭਵ ਹੈ? ਮੈਂ ਆਪਣੇ ਸ਼ਹਿਰ ਤੋ ਇਲਾਵਾ ਕਿਸੇ ਹੋਰ ਥਾਂ ਵਿੱਚ ਕੋਈ ਬੈਂਕ ਖਾਤਾ ਨਹੀਂ ਖੁਲ੍ਹਵਾਇਆ। ਉਸ ਨੇ ਦੱਸਿਆ ਕਿ ਅਸੀਂ ਪੂਰੀ ਇੰਨਵੈਸਟੀਗੇਸ਼ਨ ਕਰਕੇ ਤੁਹਾਨੂੰ ਦੱਸਿਆ ਹੈ, ਕਿਉਂਕਿ ਸਾਡੇ ਕੋਲ ਮੁਹੰਮਦ ਇਸਮਾਈਲ ਨਾਲ ਜੁੜੇ 194 ਕੇਸ ਰਜਿਸਟਰਡ ਹਨ। ਅਸੀਂ ਤਹਿ-ਦਰ-ਤਹਿ ਇਨ੍ਹਾਂ ਕੇਸਾਂ ਨੂੰ ਇੰਨਵੈਸਟੀਗੇਟ ਕਰ ਰਹੇ ਹਾਂ। ਮੁਹੰਮਦ ਇਸਮਾਈਲ ਇੱਕ ਬਹੁਤ ਵੱਡਾ ਮੁਜਰਮ ਹੈ ਅਤੇ ਉਸ ਨਾਲ ਇੱਕ ਬੈਂਕ ਦਾ ਸਾਬਕਾ ਮੈਨੇਜਰ ਅਨੁਰਾਗ ਵੀ ਜੁੜਿਆ ਹੋਇਆ ਹੈ। ਇਹਨਾਂ ਦਾ ਇੱਕ ਵੱਡਾ ਗਿਰੋਹ

ਹੈ, ਹੁਣ ਇਹ ਦੋਵੇਂ ਜੇਲ੍ਹ ਵਿੱਚ ਬੰਦ ਹਨ ਪਰ ਫਿਰ ਵੀ ਇਨ੍ਹਾਂ ਦੇ ਸਲੀਪਰ ਸੈੱਲ ਅਤੇ ਗੁਰਗੇ ਕੰਮ ਕਰ ਰਹੇ ਹਨ। ਉਸ ਨੇ ਮੈਨੂੰ ਡਰਾਉਂਦਿਆਂ ਕਿਹਾ ਕਿ ਕੇਟਾਮੀਨ ਡਰੱਗ, ਮਨੀ ਲਾਡਰਿੰਗ ਅਤੇ ਟੈਰਰ ਫੰਡਿੰਗ ਦੇ ਕੇਸ ਗੈਰ-ਜ਼ਮਾਨਤੀ ਹੁੰਦੇ ਹਨ। ਇਸ ਲਈ ਤੈਨੂੰ ਤੁਰੰਤ ਪਕੜ ਕੇ ਮੁੰਬਈ ਲਿਆਂਦਾ ਜਾਵੇਗਾ ਅਤੇ ਥਰਡ ਡਿੱਗਰੀ ਦਾ ਇਸਤੇਮਾਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ, ਪਰ ਜੇਕਰ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਔਨਲਾਈਨ ਕਸਟਡੀ ਵਿੱਚ ਲੈ ਕੇ ਤੁਹਾਡੇ ਨਾਲ ਪੁੱਛਗਿੱਛ ਕਰ ਸਕਦਾ ਹਾਂ। ਮੈਂ ਛੇਤੀ ਖਹਿੜਾ ਛੁਡਵਾਉਣ ਦੀ ਖ਼ਾਤਰ ਹਾਮੀ ਭਰ ਦਿੱਤੀ। ਉਸਨੇ ਸੀਨੀਅਰ ਅਧਿਕਾਰੀ ਨਾਲ ਗੱਲ ਕਰਨ ਦਾ ਢੌਂਗ ਰਚਿਆ, ਮੈਨੂੰ ਉਨ੍ਹਾਂ ਦੀ ਗੱਲਬਾਤ ਸਾਫ਼-ਸਾਫ਼ ਸੁਣ ਰਹੀ ਸੀ... ਕੇਟਾਮੀਨ ਡਰੱਗ ਅਤੇ ਟੈਰਰ ਫੰਡਿੰਗ ਕੇ ਕੇਸ ਵਾਲੇ ਸਸਪੈਕਟ ਸੇ ਕਿਸੀ ਤਰਹ ਕਾ ਲਿਹਾਜ ਨਹੀਂ ਕੀਆ ਜਾ ਸਕਦਾ, ਤੁਰੰਤ ਅਰੈਸਟ ਵਰੰਟ ਜਾਰੀ ਕਰ ਦੋ।.. ਜਨਾਬ ਨਿਵੇਦਨ ਹੈ ਕਿ ਸਸਪੈਕਟ ਨੇ ਖ਼ੁਦ ਆਪਣੀ ਸ਼ਿਕਾਇਤ ਲਿਖਵਾਣੇ ਕੇ ਲੀਏ ਕਾਲ ਕੀਆ ਹੈ, ਇਸਲੀਏ ਕੁਛ ਰਿਆਇਤ ਦੇਣੀ ਚਾਹੀਏ... ਯੇਹ ਪੋਸੀਬਲ ਨਹੀਂ ਹੈ, ਦੇਸ਼ ਦਰੋਹ ਦਾ ਮਾਮਲਾ ਬਣਤਾ ਹੈ।... ਸਰ ਮੇਰੇ ਰਿਸਕ ਪਰ ਇੱਕ ਬਾਰ ਔਨਲਾਈਨ ਕਸਟੱਡੀ ਕਾ ਆਰਡਰ ਜਾਰੀ ਕਰ ਦੋ... ਠੀਕ ਹੈ, ਜਵਾਨ ਆਪ ਆਪਣੀ ਨੌਕਰੀ ਕੋ ਦਾਵ ਪਰ ਲਗਾ ਰਹੇ ਹੋ...

ਜਾਂਚ ਅਧਿਕਾਰੀ ਬਣੇ ਅਨਵਰ ਰਾਣਾ ਨੇ ਮੇਰੇ ਨਾਲ ਗੱਲ ਕਰਦਿਆਂ ਕਿਹਾ ਕਿ ਬੜੀ ਮੁਸ਼ਕਲ ਨਾਲ ਸੀਨੀਅਰ ਅਧਿਕਾਰੀ ਨੂੰ ਤੇਰੀ ਔਨਲਾਈਨ ਕਸਟੱਡੀ ਲਈ ਰਾਜ਼ੀ ਕੀਤਾ ਹੈ, ਇਸ ਲਈ ਸਬ ਤੋ ਪਹਿਲਾਂ ਆਪਣੀ ਸਟੇਟਮੈਂਟ ਔਨਲਾਈਨ ਦਰਜ ਕਰਵਾਉਣ ਲਈ ਰੈਡੀ ਹੋ ਜਾਓ। ਮੈਂ ਆਪਣੇ ਨਾਲ ਬੀਤੀ ਸਾਰੀ ਘਟਨਾ ਨੂੰ ਔਨਲਾਈਨ ਦਰਜ ਕਰਵਾ ਦਿੱਤਾ। ਫਿਰ ਉਸਨੇ ਮੈਨੂੰ ਦਬਕੇ ਮਾਰ-ਮਾਰ ਕੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ... ਤੁਹਾਨੂੰ ਸ਼ਰਮ ਨਹੀਂ ਆਈ ਦੇਸ਼ ਨਾਲ ਗ਼ੱਦਾਰੀ ਕਰਦਿਆਂ? ਸਾਬਕਾ ਮੈਨੇਜਰ ਅਨੁਰਾਗ ਨੂੰ ਕਦੋਂ ਤੋਂ ਜਾਣਦੇ ਹੋ? ਮੁਹੰਮਦ ਇਸਮਾਈਲ ਨਾਲ ਕਦੋਂ ਤੇ ਕਿਵੇਂ ਜੁੜੇ? ਉਸ ਤੋ ਕਿੰਨਾ ਪੈਸਾ ਲਿਆ ਹੈ? ਹੁਣ ਤੱਕ ਕਿੰਨਾ ਟੈਰਰ ਫ਼ੰਡ ਦੂਸਰੇ ਮੁਲਕਾਂ ਵਿੱਚ ਭੇਜ ਚੁੱਕੇ ਹੋ? ਮੁੰਬਈ 'ਚ ਬੈਂਕ ਖਾਤੇ ਕਦੋਂ ਤੇ ਕਿਸ ਲਈ ਖੋਲ੍ਹੇ? ਕੀ ਸਿੱਖਿਆ ਦਿੰਦੇ ਹੋਵੋਗੇ ਆਪਣੇ ਵਿਦਿਆਰਥੀਆਂ ਨੂੰ? ਹੁਣ ਤੱਕ ਕਿੰਨੇ ਵਿਦਿਆਰਥੀਆਂ ਨੂੰ ਆਪਣੇ ਗਰੋਹ ਵਿੱਚ ਸ਼ਾਮਲ ਕੀਤਾ ਹੈ? ਕਿੰਨੇ ਹਥਿਆਰ ਖਰੀਦੇ ਅਤੇ ਕਿਸ-ਕਿਸ ਨੂੰ ਵੰਡੇ ਹਨ? ਹੁਣ ਤੁਹਾਡੇ ਕੋਲ ਕਿੰਨੇ ਹਥਿਆਰ ਹਨ? ਮਿਲੇ ਪੈਸੇ ਨੂੰ ਕਿੱਥੇ ਇੰਨਵੈਸਟ ਕੀਤਾ ਹੈ? ਕਿੰਨੀ ਪ੍ਰਾਪਰਟੀ ਖਰੀਦੀ ਹੈ? ਪਾਸਪੋਰਟ ਕਦੋਂ ਬਣਾਇਆ ਅਤੇ ਕਿਹੜੇ-ਕਿਹੜੇ ਦੇਸ਼ ਦੀ ਯਾਤਰਾ ਕੀਤੀ? ਕਿੰਨੇ ਫ਼ਰਜ਼ੀ ਪਾਸਪੋਰਟ ਹੈ ਤੇਰੇ ਕੋਲ?

... ਉਹ ਲਗਾਤਾਰ ਮੇਰੇ 'ਤੇ ਸਵਾਲ ਦਾਗ਼ ਰਿਹਾ ਸੀ ਪਰ ਮੈਂ ਮੇਰਾ ਤਾਂ ਇੱਕ ਹੀ ਜਵਾਬ ਸੀ ਕਿ ਮੈਂ ਇਹਨਾਂ ਨੂੰ ਨਹੀਂ ਜਾਣਦਾ ਅਤੇ ਇਹਨਾਂ ਨਾਲ ਮੇਰਾ ਕੋਈ ਤਾਲੁਕਾਤ ਨਹੀਂ। ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਨਾਟਕਾਂ ਵਿੱਚ ਸੀਆਈਡੀ ਵਾਲੇ ਪੁੱਛਗਿੱਛ ਕਰਦੇ ਹਨ, ਹੂ-ਬ-ਹੂ ਉਸੇ ਤਰ੍ਹਾਂ ਹੀ ਮੇਰੇ ਨਾਲ ਪੁੱਛਗਿੱਛ ਹੋ ਰਹੀ ਸੀ।

ਜਾਂਚ ਅਧਿਕਾਰੀ ਬਣੇ ਅਨਵਰ ਰਾਣਾ ਨੇ ਪੁੱਛਗਿੱਛ ਦੌਰਾਨ ਆਪਣੀ ਪੂਰੀ ਵਾਹ ਲਾਈ। ਫਿਰ ਮੈਂ ਉਸਨੂੰ ਕਿਹਾ ਕਿ ਮੇਰੇ ਕਾਲਜ ਜਾਣ ਦਾ ਸਮਾਂ ਹੋ ਗਿਆ ਹੈ। ਉਸਨੇ ਕਿਹਾ ਕਿ ਤੁਹਾਨੂੰ ਆਪਣੀ ਲਾਈਫ਼ ਚਾਹੀਦੀ ਹੈ ਜਾਂ ਨਹੀਂ? ਜੇਕਰ ਤੁਸੀਂ ਸਹਿਯੋਗ ਨਹੀਂ ਕਰਦੇ ਤਾਂ ਤੁਹਾਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ, ਹੋ ਸਕਦਾ ਹੈ ਕਿ ਤੁਸੀਂ ਬੇਗੁਨਾਹ ਹੋਵੋ, ਜੇਕਰ ਬੇਗੁਨਾਹੀ ਸਾਬਤ ਕਰਦੇ ਕਰਦੇ ਦੋ ਸਾਲ ਲੰਘ ਗਏ ਤਾਂ ਤੁਹਾਡਾ ਕੈਰੀਅਰ ਤੇ ਲਾਈਫ਼ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗੀ ਅਤੇ ਜੀਵਨ 'ਤੇ ਇੱਕ ਬਹੁਤ ਵੱਡਾ ਕਲੰਕ ਲੱਗ ਜਾਵੇਗਾ। ਹਰ ਬੰਦਾ ਤੁਹਾਨੂੰ ਸ਼ੱਕ ਨਾਲ ਦੇਖੇਗਾ, ਤੁਹਾਡੇ ਵਿਦਿਆਰਥੀ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰਨਗੇ ਅਤੇ ਸੋਚਣਗੇ ਕਿ ਇਹ ਕਿੰਨਾ ਘਟੀਆ ਇਨਸਾਨ ਨਿਕਲਿਆ। ਫਿਰ ਉਸਨੇ ਮੇਰੇ ਨਾਲ ਹਮਦਰਦੀ ਜਤਾਉਂਦਿਆਂ ਕਿਹਾ ਕਿ ਮੈਨੂੰ ਤੁਸੀਂ ਇਨੋਸੈਂਟ ਲੱਗਦੇ ਹੋ, ਪਰ ਇਸ ਦਾ ਫ਼ੈਸਲਾ ਮੈਂ ਨਹੀਂ ਕਰ ਸਕਦਾ। ਡੀਸੀਪੀ ਸਾਹਿਬ ਹੀ ਆਪਣੀ ਇੰਨਵੈਸਟੀਗੇਸ਼ਨ ਤੋ ਬਾਅਦ ਤੁਹਾਨੂੰ ਬੇਗੁਨਾਹ ਕਰਾਰ ਦੇ ਸਕਦੇ ਹਨ। ਪਰ ਅਜੇ ਵੀ ਤੁਹਾਡੇ ਕੋਲ ਮੌਕਾ ਹੈ, ਸਾਰੀ ਗੱਲ ਸੱਚ-ਸੱਚ ਦੱਸਣ ਦਾ। ਕੋਈ ਗੱਲ ਛੁਪਾਈ ਹੈ ਤਾਂ ਦੱਸ ਦਿਓ, ਨਹੀਂ ਤਾਂ ਤੁਸੀਂ ਤਾਂ ਮੁਸ਼ਕਲ 'ਚ ਪਵੋਗੇ ਹੀ, ਸਗੋਂ ਮੇਰੀ ਨੌਕਰੀ ਵੀ ਖ਼ਤਰੇ 'ਚ ਪਾ ਸਕਦੇ ਹੋ। ਮੈਂ ਉਸ ਨੂੰ ਕਿਹਾ ਕਿ ਮੇਰੀ ਡੀਸੀਪੀ ਸਾਹਿਬ ਨਾਲ ਮੀਟਿੰਗ ਕਰਵਾ ਦਿਓ ਤਾਂ ਉਸਨੇ ਕਿਹਾ ਇਹ ਤੁਹਾਡਾ ਕੋਈ ਸੈਮੀਨਾਰ ਜਾਂ ਵੈਬਿਨਾਰ ਨਹੀਂ ਕਿ ਤੁਹਾਡੀ ਡੀਸੀਪੀ ਸਾਹਿਬ ਨਾਲ ਮੀਟਿੰਗ ਹੋਵੇਗੀ, ਡੀਸੀਪੀ ਸਾਹਿਬ ਸਖ਼ਤੀ ਨਾਲ ਇੰਨਵੈਸਟੀਗੇਸ਼ਨ ਕਰਨਗੇ।

ਫਿਰ ਉਸ ਨੇ ਮੈਨੂੰ ਕਾਲਜ ਜਾਣ ਦੀ ਪਰਮਿਸ਼ਨ ਦਿੱਤੀ, ਪਰ ਨਾਲ ਹੀ ਕਿਹਾ ਕਿ ਤੁਹਾਡਾ ਮੋਬਾਈਲ ਬੰਦ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕਾਲ ਡਿਸਕੁਨੈਕਟ ਕਰਨੀ ਹੈ। ਬਾਕੀ ਪੁੱਛਗਿੱਛ ਸ਼ਾਮ ਨੂੰ ਕਰਾਂਗੇ। ਮੈਂ ਕਾਲਜ ਦਾ ਕੰਮ ਨਿਪਟਾ ਕੇ ਵਾਪਸ ਘਰ ਆਇਆ ਤਾਂ ਅਨਵਰ ਰਾਣਾ ਨੇ ਫਿਰ ਪੁੱਛਗਿੱਛ ਕਰਨੀ ਸ਼ੁਰੂ ਕੀਤੀ ਪਰ ਹੁਣ ਉਸਦਾ ਲਹਿਜ਼ਾ ਨਰਮ ਸੀ। ਹੁਣ ਉਹ ਮੇਰੇ ਨਾਲ ਵਧੀਆ ਤਰੀਕੇ ਨਾਲ ਗੱਲ ਕਰ ਰਿਹਾ ਸੀ। ... ਤੁਸੀਂ ਭਾਗਾਂ ਵਾਲੇ ਹੋ ਕਿਉਂਕਿ ਤੁਸੀਂ ਖ਼ੁਦ ਆਪਣੀ ਸ਼ਿਕਾਇਤ ਦਰਜ ਕਰਾਉਣ ਵਾਸਤੇ ਆਏ ਹੋ, ਇਸ ਕਰਕੇ ਡੀਸੀਪੀ ਸਾਹਿਬ ਨੇ ਤੁਹਾਡੀ ਇੰਨਵੈਸਟੀਗੇਸ਼ਨ ਕਰਨ ਲਈ ਮੈਨੂੰ ਨਿਯੁਕਤ ਕੀਤਾ ਹੈ। ਮੈਂ ਉਸ ਨੂੰ ਪੁੱਛਿਆ ਕਿ ਮੈਂ ਕਦੇ ਮੁੰਬਈ ਨਹੀਂ ਗਿਆ ਅਤੇ ਨਾ ਹੀ ਮੁੰਬਈ ਵਿੱਚ ਕੋਈ ਬੈਂਕ ਖਾਤਾ ਖੁਲ੍ਹਵਾਇਆ। ਮੇਰੇ ਆਧਾਰ ਦਾ ਓਟੀਪੀ ਮੇਰੇ ਮੋਬਾਈਲ ਅਤੇ ਮੇਰੀ ਈਮੇਲ 'ਤੇ ਆਉਂਦਾ ਹੈ। ਮੇਰੇ ਕੋਲ ਕਦੇ ਕੋਈ ਓਟੀਪੀ ਨਹੀਂ ਆਇਆ ਅਤੇ ਨਾ ਹੀ ਮੈਂ ਕਦੇ ਓਟੀਪੀ

ਕਿਸੇ ਨਾਲ ਸ਼ੇਅਰ ਕੀਤਾ, ਫਿਰ ਅਕਾਊਂਟ ਕਿਵੇਂ ਖੁੱਲ੍ਹ ਗਏ। ਫਿਰ ਉਸਨੇ ਦੱਸਿਆ ਕਿ ਸਾਬਕਾ ਮੈਨੇਜਰ ਅਨੁਰਾਗ ਨੇ ਪੁੱਛਗਿੱਛ ਦੌਰਾਨ ਪੁਲਿਸ ਅੱਗੇ ਸਵੀਕਾਰ ਕੀਤਾ ਹੈ ਕਿ ਉਹ ਫ਼ਰਜ਼ੀ ਬੈਂਕ ਅਕਾਊਂਟ ਖੋਲ੍ਹਦਾ ਸੀ ਅਤੇ ਖਾਤਾ ਧਾਰਕ ਨੂੰ ਜਮ੍ਹਾਂ ਰਾਸ਼ੀ ਦਾ 25 ਤੋਂ 30 ਫ਼ੀਸਦੀ ਪੈਸੇ ਦੇ ਦਿੰਦਾ ਸੀ। ਉਸਨੇ ਕਿਹਾ ਕਿ ਜਿਹੜੇ ਟੈਰਰ ਫੰਡਿੰਗ ਅਤੇ ਮਨੀ ਲਾਡਰਿੰਗ ਕਰਦੇ ਹਨ, ਉਹ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ ਵੀ ਧੜੱਲੇ ਨਾਲ ਸਾਡੇ ਦੇਸ਼ ਦਾ ਨੁਕਸਾਨ ਕਰ ਰਹੇ ਹਨ। ਉਹਨਾਂ ਦੇ ਹੱਥ ਕਿੱਡੇ ਵੱਡੇ ਹੋਣਗੇ? ਸਾਡੇ ਦੇਸ਼ ਦੀ ਇਹ ਬਦਕਿਸਮਤੀ ਹੈ ਕਿ ਕਈ ਨੇਤਾ, ਕਈ ਪੁਲਿਸ ਅਧਿਕਾਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਪੈਸੇ ਖ਼ਾਤਰ ਇਹਨਾਂ ਗੈਂਗਾਂ ਨਾਲ ਜੁੜੇ ਹੋਏ ਹਨ, ਇਸ ਕਰਕੇ ਉਹਨਾਂ ਦਾ ਧੰਦਾ ਚੱਲ ਰਿਹਾ ਹੈ। ਪਰ ਅਸੀਂ ਚਾਹੁੰਦੇ ਹਾਂ ਕਿ ਛੇਤੀ ਤੋਂ ਛੇਤੀ ਅਸਲੀ ਗੁਨਾਹਗਾਰ ਨੂੰ ਫੜ ਲਿਆ ਜਾਵੇ ਕਿਉਂਕਿ ਪੁਲਿਸ ਨੂੰ ਇਹੋ ਸਿਖਾਇਆ ਜਾਂਦਾ ਹੈ ਕਿ ਕਿਸੇ ਵੀ ਬੇਗੁਨਾਹ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ ਅਤੇ ਕੋਈ ਵੀ ਗੁਨਾਹਗਾਰ ਕਦੇ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਉਹ ਗੱਲਾਂ ਤੋਂ ਮੈਨੂੰ ਬੜਾ ਦੇਸ਼ਭਗਤੀ ਦੇ ਜਜ਼ਬੇ ਵਾਲਾ ਲੱਗ ਰਿਹਾ ਸੀ। ਫਿਰ ਉਸਨੇ ਦੱਸਿਆ ਕਿ ਕੱਲ੍ਹ ਸਵੇਰੇ ਤੁਹਾਨੂੰ ਡੀਸੀਪੀ ਸਾਹਿਬ ਸਾਹਮਣੇ ਪੇਸ਼ ਹੋਣਾ ਪਵੇਗਾ। ਹੋ ਸਕਦਾ ਹੈ ਕਿ ਉਹ ਤੁਹਾਨੂੰ ਬੇਕਸੂਰ ਕਰਾਰ ਦੇ ਦੇਣ। ਪਰ ਨਾਲ ਹੀ ਉਸਨੇ ਮੈਨੂੰ ਤਾੜਨਾ ਵੀ ਕੀਤੀ ਕਿ ਤੁਸੀਂ ਕਾਲ ਡਿਸਕਨੈਕਟ ਨਹੀਂ ਕਰੋਗੇ ਅਤੇ ਨਾ ਹੀ ਇਸ ਦੌਰਾਨ ਕਿਸੇ ਹੋਰ ਨਾਲ ਗੱਲ ਕਰੋਗੇ। ਤੁਸੀਂ ਕੈਮਰੇ ਸਾਹਮਣੇ ਰਹੋਗੇ, ਤੁਹਾਡੀ ਕਾਲ ਲਾਈਨ ਪੂਰੀ ਤਰ੍ਹਾਂ ਸੇਫ਼ ਹੈ, ਕਿਉਂਕਿ ਇਸ ਨੂੰ ਐਸਆਈਐਸ ਤੋਂ ਚੈੱਕ ਕਰਵਾ ਲਿਆ ਹੈ। ਜੇਕਰ ਕਿਸੇ ਨੂੰ ਪਤਾ ਲੱਗ ਗਿਆ ਕਿ ਮੁੰਬਈ ਪੁਲਿਸ ਇੰਨਵੈਸਟੀਗੇਸ਼ਨ ਕਰ ਰਹੀ ਹੈ ਤਾਂ ਉਹ ਤੁਹਾਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰਨਗੇ ਜਿਸ ਕਰਕੇ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਖ਼ਤਰਾ ਹੋ ਸਕਦਾ ਹੈ। ਇਸ ਕਰਕੇ ਜਿੰਨਾ ਚਿਰ ਤੁਹਾਡੀ ਇੰਨਵੈਸਟੀਗੇਸ਼ਨ ਪੂਰੀ ਨਹੀਂ ਹੋ ਜਾਂਦੀ, ਇਸ ਗੱਲ ਨੂੰ ਆਪਣੇ ਤੱਕ ਹੀ ਸੀਮਤ ਰੱਖਿਓ। ਮੈਂ ਸੀਨੀਅਰ ਰਾਹੀ ਡੀਸੀਪੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਤੁਹਾਡੇ ਕੇਸ ਨੂੰ ਪੋਜੀਟਿਵ ਤਰੀਕੇ ਨਾਲ ਦੇਖਣ। ਮੈਂ ਸਿੱਧੀ ਤਰ੍ਹਾਂ ਤੁਹਾਡੀ ਮਦਦ ਨਹੀਂ ਕਰ ਸਕਦਾ ਪਰ ਫਿਰ ਵੀ ਮੈਨੂੰ ਇਹ ਲੱਗਦਾ ਹੈ ਕਿ ਤੁਸੀਂ ਬੇਗੁਨਾਹ ਹੋ।

ਰਾਤ 8 ਕੁ ਬਜੇ ਜਾਂਚ ਅਧਿਕਾਰੀ ਬਣੇ ਅਨਵਰ ਰਾਣਾ ਨੇ ਮੈਨੂੰ ਤਾਕੀਦ ਕਰਦੇ ਹੋਏ ਕਿਹਾ ਕਿ ਅਸੀਂ ਦੇਸ਼ ਦੇ ਦੋਸ਼ੀਆਂ ਨੂੰ ਫੜਨ ਲਈ 24 ਘੰਟੇ ਡਿਊਟੀ ਕਰਨ ਲਈ ਤਿਆਰ ਹਾਂ ਪਰ ਘਰ ਬੀਬੀ-ਬੱਚਿਆਂ ਨੂੰ ਵੀ ਸਮਾਂ ਦੇਣਾ ਹੁੰਦਾ ਹੈ। ਮੈਂ ਹੁਣ ਘਰ ਜਾ ਰਿਹਾ ਹਾਂ, ਇਸ ਦੌਰਾਨ ਤੁਹਾਡੀ ਨਿਗਰਾਨੀ ਮੇਰੇ ਜੂਨੀਅਰ ਕਰਨਗੇ। ਪਰ ਕਾਲ ਚਲਦੀ ਰਹਿਣੀ ਚਾਹੀਦੀ ਹੈ ਜੇਕਰ ਤੁਸੀਂ ਕਾਲ ਕੱਟੋਗੇ ਤਾਂ ਇਹ ਮੰਨਿਆ ਜਾਏਗਾ ਕਿ ਤੁਸੀਂ ਸਹਿਯੋਗ ਨਹੀਂ ਕਰ ਰਹੇ। ਇਸ ਕਰਕੇ ਤੁਹਾਡੇ ਕੋਲ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਦਾ ਕੋਈ ਤਰੀਕਾ ਨਹੀਂ ਬਚੇਗਾ। ਇਸ ਲਈ ਤੁਸੀਂ ਲਗਾਤਾਰ ਸਾਡੇ ਨਾਲ ਜੁੜੇ ਰਹੋ ਤਾਂ ਕਿ ਸਾਡੇ ਅਧਿਕਾਰੀ ਸਾਹਿਬਾਨ ਨੂੰ ਇਹ ਲੱਗੇ ਕਿ ਜੋ ਸਸਪੈਕਟ ਸਾਡੀ ਮਦਦ ਕਰ ਰਿਹਾ ਹੈ ਤਾਂ ਉਹ ਬੇਗੁਨਾਹ ਹੀ ਹੋਵੇਗਾ। ਰਾਤ ਨੂੰ ਇੱਕ ਦੋ ਵਾਰ ਫ਼ੋਨ ਕੱਟਿਆ ਗਿਆ ਤਾਂ ਉਹਨਾਂ ਨੇ ਦੁਬਾਰਾ ਫ਼ੋਨ ਕੀਤਾ ਅਤੇ ਕਿਹਾ ਕਿ ਤੁਸੀਂ ਫ਼ੋਨ ਕਿਉਂ ਘੱਟ ਰਹੇ ਹੋ? ਮੈਂ ਕਿਹਾ ਕਿ ਮੇਰੇ ਵੱਲੋਂ ਫ਼ੋਨ ਨਹੀਂ ਕੱਟਿਆ ਗਿਆ, ਕੋਈ ਨੈੱਟਵਰਕ ਇਸ਼ੂ ਹੋ ਸਕਦਾ ਹੈ।

ਸਵੇਰ ਹੁੰਦੇ ਹੀ ਉਹਨਾਂ ਨੇ ਮੈਨੂੰ ਚਾਹ ਪੀਣ, ਫਰੈੱਸ਼ ਹੋਣ ਅਤੇ ਨਹਾਉਣ ਦੀ ਪਰਮਿਸ਼ਨ ਦਿੱਤੀ। ਫਿਰ ਸਾਢੇ 8 ਵਜੇ ਅਨਵਰ ਰਾਣਾ ਆ ਗਿਆ। ਉਸ ਨੇ ਕਿਹਾ ਕਿ ਮੈਂ ਤੁਹਾਨੂੰ ਦੁਬਾਰਾ ਫਿਰ ਪੁੱਛਦਾ ਹਾਂ ਕਿ ਜੇਕਰ ਤੁਸੀਂ ਗ਼ਲਤੀ ਕੀਤੀ ਹੈ ਤਾਂ ਮੈਨੂੰ ਦੱਸ ਦਿਓ। ਕਿਤੇ ਇਹ ਨਾ ਹੋਵੇ ਕਿ ਤੁਸੀਂ ਡੀਸੀਪੀ ਸਾਹਮਣੇ ਕੁਝ ਕਬੂਲ ਕਰ ਲਓ ਜੋ ਮੇਰੇ ਸਾਹਮਣੇ ਕਬੂਲ ਨਹੀਂ ਕੀਤਾ ਜਾਂ ਮੈਨੂੰ ਨਹੀਂ ਦੱਸਿਆ। ਅਜਿਹਾ ਕਰਕੇ ਤੁਸੀਂ ਖ਼ੁਦ ਤਾਂ ਖ਼ਤਰੇ 'ਚ ਪਉਗੇ ਹੀ ਅਤੇ ਮੇਰੀ ਨੌਕਰੀ ਵੀ ਖ਼ਤਰੇ 'ਚ ਪਾ ਸਕਦੇ ਹੋ। ਇਸ ਲਈ ਅਜੇ ਵੀ ਤੁਹਾਡੇ ਕੋਲ ਮੌਕਾ ਹੈ, ਮੈਨੂੰ ਸਹੀ ਜਾਣਕਾਰੀ ਦੇ ਦਿਓ। ਤੁਹਾਨੂੰ ਕਿਸੇ 'ਤੇ ਸ਼ੱਕ ਹੈ ਤਾਂ ਵੀ ਦੱਸ ਦਿਓ, ਹੋ ਸਕਦਾ ਹੈ ਕਿ ਤੁਹਾਨੂੰ ਕੋਈ ਤੁਹਾਡਾ ਸਾਥੀ, ਦੋਸਤ ਜਾਂ ਵਿਦਿਆਰਥੀ ਇਸ ਕੇਸ ਵਿੱਚ ਫਸਾ ਰਿਹਾ ਹੋਵੇ। ਜੋ ਤੁਹਾਡੇ ਸਮਾਜਕ ਰੁਤਬੇ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੇ, ਅਜਿਹੇ ਲੋਕ ਵੀ ਤੁਹਾਨੂੰ ਕੇਸ ਵਿੱਚ ਫਸਾ ਸਕਦੇ ਹਨ। ਮੈਂ ਕਿਹਾ ਕਿ ਸਮਾਜ ਵਿੱਚ ਮੇਰਾ ਕੋਈ ਦੁਸ਼ਮਣ ਨਹੀਂ ਹੈ ਜੋ ਅਜਿਹਾ ਘਟੀਆ ਕਦਮ ਚੁੱਕੇਗਾ। ਜੋ ਮੈਂ ਕੱਲ੍ਹ ਜਾਣਕਾਰੀ ਦੇ ਰਿਹਾ ਸੀ, ਉਹੀ ਜਾਣਕਾਰੀ ਮੇਰੇ ਕੋਲ ਅੱਜ ਹੈ ਅਤੇ ਉਹੀ ਜਾਣਕਾਰੀ ਮੈਂ ਡੀਸੀਪੀ ਸਾਹਿਬ ਨੂੰ ਦੇਵਾਂਗਾ। ਕੁਝ ਸਮੇਂ ਬਾਅਦ ਫਿਰ ਉਸਨੇ ਮੈਨੂੰ ਦੱਸਿਆ ਕਿ ਡੀਸੀਪੀ ਸਾਹਿਬ ਆ ਗਏ ਹਨ ਤੁਸੀਂ ਚਾਹ ਬਗੈਰਾ ਪੀ ਲਓ ਤਾਂ ਕਿ ਆਪਣੀ ਗੱਲ ਨੂੰ ਵਧੀਆ ਤਰੀਕੇ ਨਾਲ ਕਹਿ ਸਕੋ। ਕਿਉਂਕਿ ਮੈਂ ਤੁਹਾਡੇ ਬਾਰੇ ਆਪਣੇ ਸੀਨੀਅਰ ਰਾਹੀਂ ਉਹਨਾਂ ਕੋਲ ਤੁਹਾਡੇ ਕੇਸ ਦੀ ਫਾਈਲ ਭੇਜੀ ਹੈ ਅਤੇ ਉਹਨਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਛੇਤੀ ਤੁਹਾਡੀ ਫਾਈਲ ਦੇਖ ਕੇ ਇੰਨਵੈਸਟੀਗੇਸ਼ਨ ਕਰਨ। ਮੈਂ ਚਾਹ ਪੀਤੀ ਅਤੇ ਡੀਸੀਪੀ ਦੀ ਇੰਨਵੈਸਟੀਗੇਸ਼ਨ ਲਈ ਤਿਆਰ ਹੋ ਗਿਆ। ਇਸ ਦੌਰਾਨ ਉਸਨੇ ਮੈਨੂੰ ਦੱਸਿਆ ਕਿ ਹੁਣ ਦੋ ਮਿੰਟਾਂ ਵਿੱਚ ਡੀਸੀਪੀ ਤੁਹਾਡੇ ਨਾਲ ਗੱਲ ਕਰਨਗੇ, ਤੁਸੀਂ ਗੱਲ ਦਾ ਸਹੀ ਤੇ ਸਪਸ਼ਟ ਉੱਤਰ ਦੇਣਾ ਤਾਂ ਕਿ ਤੁਹਾਡਾ ਬਚਾਅ ਹੋ ਸਕੇ। ਕੁਝ ਸਮੇਂ ਬਾਅਦ ਡੀਸੀਪੀ ਮੇਰੇ ਨਾਲ ਗੱਲ ਕਰਨ ਲੱਗ ਪਿਆ। ਉਸਨੇ ਬੜੇ ਰੋਹਬ ਨਾਲ ਮੈਥੋਂ ਉਹੀ ਕੱਲ੍ਹ ਵਾਲੇ ਸਵਾਲ ਪੁੱਛੇ ਅਤੇ ਮੇਰੇ ਜੁਆਬ ਵੀ ਪਹਿਲਾਂ ਵਾਲੇ ਹੀ ਰਹੇ। ਫਿਰ ਉਸ ਨੇ ਕਾਫ਼ੀ ਸਮੇਂ ਬਾਅਦ ਮੈਨੂੰ ਕਿਹਾ ਕਿ ਅਸੀਂ ਆਰਬੀਆਈ ਨਾਲ ਰਾਬਤਾ ਕਰ ਰਹੇ ਹਾਂ ਅਤੇ ਤੁਹਾਡੇ ਦੂਜੇ ਬੈਂਕ ਅਕਾਊਂਟਾਂ ਨਾਲ ਮਿਲਾਣ ਕਰ ਰਹੇ ਹਾਂ ਤਾਂ ਕਿ ਪਤਾ ਚੱਲ ਸਕੇ ਕਿ ਤੁਸੀਂ ਕਿੰਨੀ ਟੈਰਰ ਫੰਡਿੰਗ ਅਤੇ ਮਨੀ ਲਾਡਰਿੰਗ ਕੀਤੀ ਹੈ। ਜੇਕਰ ਤੁਸੀਂ ਬੇਗੁਨਾਹ ਹੋਏ ਤਾਂ ਤੁਹਾਡੇ ਨਾਂ 'ਤੇ ਖੋਲ੍ਹੇ ਗਏ ਫ਼ਰਜ਼ੀ ਬੈਂਕ ਖਾਤੇ ਸੀਜ ਕਰ ਦਿੱਤੇ ਜਾਣਗੇ ਅਤੇ ਤੁਹਾਡੇ ਅਸਲੀ ਖਾਤੇ ਸੇਫ਼ ਰਹਿਣਗੇ। ਮੈਂ ਸੋਚਿਆ ਕਿ ਜਦੋਂ ਮੈਂ ਕੋਈ ਗ਼ਲਤ ਕੰਮ ਨਹੀਂ ਕੀਤਾ ਤਾਂ ਮੈਨੂੰ ਡਰ ਕਿਸ ਗੱਲ ਦਾ। ਇਸ ਲਈ

ਮੈਨੂੰ ਬੈਂਕ ਜਾਣ ਲਈ ਕਿਹਾ ਗਿਆ ਤਾਂਕਿ ਫ਼ਰਜ਼ੀ ਬੈਂਕ ਖਾਤਿਆਂ ਨੂੰ ਬੰਦ ਕਰਨ ਦੀ ਪ੍ਰਕਿਰਿਆ ਆਰੰਭ ਹੋ ਸਕੇ। ਡੀਸੀਪੀ ਨੇ ਕਿਹਾ ਕਿ ਇਸ ਦੌਰਾਨ ਤੁਹਾਨੂੰ ਲਗਾਤਾਰ ਸਾਡਾ ਸਹਿਯੋਗ ਕਰਨਾ ਪਵੇਗਾ ਅਤੇ ਬੈਂਕ ਵਾਲਿਆਂ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਮੁੰਬਈ ਪੁਲਿਸ ਇੰਨਵੈਸਟੀਗੇਸ਼ਨ ਕਰ ਰਹੀ ਹੈ। ਸੋ ਮੈਂ ਹਾਂ ਕਰ ਦਿੱਤੀ ਅਤੇ ਅਕਾਊਂਟ ਨਾਲ ਸੰਬੰਧਿਤ ਡਿਟੇਲਜ਼ ਲੈ ਕੇ ਬੈਂਕ ਜਾਣ ਲਈ ਤਿਆਰ ਹੋ ਗਿਆ। ਫਿਰ ਅਨਵਰ ਰਾਣਾ ਨੇ ਕਿਹਾ ਕਿ ਤੁਸੀਂ ਬਾਈਕ ਤੇ ਨਾ ਜਾਣਾ, ਕਾਰ ਲੈ ਕੇ ਜਾਣਾ, ਕਿਉਂਕਿ ਤੁਹਾਡੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਕਿਉਂਕਿ ਜੇਕਰ ਮੁਹੰਮਦ ਇਸਮਾਈਲ ਦੇ ਗੁਰਗਿਆਂ ਨੂੰ ਪਤਾ ਲੱਗ ਗਿਆ ਤਾਂ ਉਹ ਤੁਹਾਨੂੰ ਕੋਈ ਨੁਕਸਾਨ ਪਹੁੰਚਾ ਸਕਦੇ ਹਨ। ਪਰ ਮੈਂ ਕਿਹਾ ਕਿ ਮੈਂ ਬਾਈਕ 'ਤੇ ਹੀ ਜਾਵਾਂਗਾ, ਸਾਡਾ ਏਰੀਆ ਸੇਫ਼ ਹੈ ਅਤੇ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਹੈ। ਉਸ ਨੇ ਕਿਹਾ ਕਿ ਤੁਹਾਡਾ ਮੋਬਾਈਲ ਲਗਾਤਾਰ ਚਲਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਤੁਸੀਂ ਚਾਹੋ ਤਾਂ ਆਪਣੀ ਲੋਕੇਸ਼ਨ ਸਾਨੂੰ ਭੇਜ ਦਿਓ ਤਾਂ ਕਿ ਲੋਕਲ ਪੁਲਿਸ ਨਾਲ ਮਿਲ ਕੇ ਅਸੀਂ ਤੁਹਾਡੀ ਸੁਰੱਖਿਆ ਕਰ ਸਕੀਏ। ਮੈਂ ਕਿਹਾ ਮੈਨੂੰ ਅਜਿਹੀ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਮੈਂ ਬਿਲਕੁਲ ਸੇਫ਼ ਹਾਂ। ਰਸਤੇ ਵਿੱਚ ਦੋ ਤਿੰਨ ਵਾਰ ਉਹਨਾਂ ਨੇ ਮੈਨੂੰ ਪੁੱਛਿਆ ਕਿ ਤੁਸੀਂ ਕਿੱਥੇ ਕੁ ਪਹੁੰਚ ਗਏ, ਕਿੰਨਾ ਕੁ ਟਾਈਮ ਤੁਹਾਨੂੰ ਪਹੁੰਚਣ ਨੂੰ ਲੱਗੇਗਾ।

ਜਦੋਂ ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਬੈਂਕ ਪਹੁੰਚ ਗਿਆ ਹਾਂ ਤਾਂ ਉਹਨਾਂ ਨੇ ਕਿਹਾ ਕਿਸੇ ਸੁਰੱਖਿਅਤ ਥਾਂ ਤੇ ਆਕੇ ਸਾਡੇ ਨਾਲ ਗੱਲ ਕਰੋ। ਇਸ ਦੌਰਾਨ ਉਹਨਾਂ ਨੇ ਮੈਨੂੰ ਇੱਕ ਆਰਬੀਆਈ ਵੱਲੋਂ ਜਾਰੀ ਇੱਕ ਲੈਟਰ ਭੇਜਿਆ। ਇਸ ਲੈਟਰ ਵਿੱਚ ਮੇਰੇ ਅਕਾਊਂਟ ਬਾਰੇ ਲਿਖਿਆ ਗਿਆ ਸੀ ਅਤੇ ਵੈਰੀਫਿਕੇਸ਼ਨ ਲਈ 3,58,756 ਰੁਪਏ ਨੈਫਟ ਕਰਵਾਉਣ ਲਈ ਵੀ ਲਿਖਿਆ ਸੀ, ਜੋ ਕਿ 30 ਮਿੰਟ ਬਾਅਦ ਵਾਪਸ ਮਿਲ ਜਾਣਗੇ। ਉਸ ਨੇ ਮੈਨੂੰ ਉਹ ਪੜ੍ਹ ਕੇ ਰਿਕਾਰਡ ਕਰਵਾਉਣ ਲਈ ਕਿਹਾ, ਮੈਂ ਜਾਣ-ਬੁਝ ਕੇ ਟੁੱਟੀ-ਫੁੱਟੀ ਅੰਗਰੇਜ਼ੀ ਅਤੇ ਗ਼ਲਤ ਮਲਤ ਪੜ੍ਹ ਕੇ ਖਹਿੜਾ ਛੁਡਵਾਇਆ। ਫਿਰ ਉਸਨੇ ਕਿਹਾ ਕਿ ਤੁਸੀਂ ਬੈਂਕ ਤੋ ਇੱਕ ਨੈਫਟ ਫਾਰਮ ਲੈ ਕੇ ਆਓ। ਮੈਂ ਇਸ ਦਾ ਡਟ ਕੇ ਵਿਰੋਧ ਕਰਦਿਆਂ ਕਿਹਾ ਮੈਂ ਕਿਸੇ ਨੂੰ ਪੈਸੇ ਨੈਫਟ ਨਹੀਂ ਕਰਾਂਗਾ। ਉਹਨਾਂ ਨੇ ਕਿਹਾ ਕਿ ਆਰਬੀਆਈ ਦੇ ਲੈਟਰ ਮੁਤਾਬਿਕ ਹੀ ਕਾਰਵਾਈ ਕਰਨੀ ਹੈ, ਕਿਉਂਕਿ ਤੁਹਾਡੇ ਬੈਂਕ ਖਾਤਿਆਂ ਦਾ ਮਿਲਾਣ ਕਰਨਾ ਹੈ ਕਿ ਤੁਹਾਨੂੰ ਕੋਈ ਟੈਰਰ ਫੰਡਿੰਗ ਜਾਂ ਮਨੀ ਲਾਡਰਿੰਗ ਦਾ ਪੈਸਾ ਮਿਲਿਆ ਹੈ ਜਾਂ ਨਹੀਂ। ਮੈਂ ਫਿਰ ਕਿਹਾ ਕਿ ਮੇਰੀ ਅਕਾਊਂਟ ਸਟੇਟਮੈਂਟ ਮੈਨੂੰ ਪਤਾ ਹੈ, ਮੇਰੇ ਅਕਾਊਂਟ ਵਿੱਚ ਰੱਤੀ ਭਰ ਪੈਸਾ ਗ਼ਲਤ ਨਹੀਂ ਆਇਆ। ਉਸ ਨੇ ਮੈਨੂੰ ਦੁਬਾਰਾ ਕਿਹਾ ਕਿ ਇਹ ਆਰਬੀਆਈ ਦੇ ਨਿਰਦੇਸ਼ ਹਨ, ਜੇਕਰ ਵਿਸ਼ਵਾਸ ਨਹੀਂ ਹੈ ਤਾਂ ਇਹ ਕਾਲ ਆਰਬੀਆਈ ਨੂੰ ਟਰਾਂਸਫ਼ਰ ਕਰ ਰਹੇ ਹਾਂ, ਤੁਸੀਂ ਉਹਨਾਂ ਨਾਲ ਗੱਲ ਕਰ ਲਓ।

ਆਰਬੀਆਈ ਅਧਿਕਾਰੀ ਬਣੇ ਬੰਦੇ ਨੇ ਮੈਨੂੰ ਕਾਫ਼ੀ ਸਮਝਾਉਣ ਤੋ ਬਾਅਦ ਇੱਕ ਅਕਾਊਂਟ ਨੰਬਰ ਭੇਜਿਆ ਅਤੇ ਕਿਹਾ ਕਿ ਤੁਸੀਂ ਆਰਬੀਆਈ ਦੇ ਲੈਟਰ ਮੁਤਾਬਕ ਲਿਖੀ ਰਕਮ ਨੂੰ ਇਸ ਅਕਾਊਂਟ ਵਿੱਚ ਟਰਾਂਸਫ਼ਰ ਕਰ ਦਿਓ। ਤਦ ਮੇਰਾ ਮੱਥਾ ਠਣਕਿਆ, ਮੈਂ ਕਿਹਾ ਇਹ ਤਾਂ ਫਰੋਡ ਹੈ ਤਾਂ ਮੈਂ ਤੁਹਾਨੂੰ ਕਿਸੇ ਵੀ ਹਾਲਤ ਵਿੱਚ ਪੈਸੇ ਨੈਫਟ ਨਹੀਂ ਕਰ ਸਕਦਾ। ਮੈਂ ਤੁਹਾਡੇ 'ਤੇ ਵਿਸ਼ਵਾਸ ਕਿਵੇਂ ਕਰਾਂ ਕਿ ਇਹ ਪੈਸੇ ਅੱਧੇ ਘੰਟੇ ਬਾਅਦ ਵਾਪਸ ਹੋ ਜਾਣਗੇ। ਉਸ ਨੇ ਕਿਹਾ ਕਿ ਤੁਸੀਂ ਆਰਬੀਆਈ ਦਾ ਲੈਟਰ ਪੜ੍ਹ ਲਓ, ਉਹਦੇ ਵਿੱਚ ਸਪਸ਼ਟ ਲਿਖਿਆ ਹੋਇਆ ਹੈ। ਮੈਂ ਪੈਸੇ ਨੈਫਟ ਕਰਨ ਤੋ ਕੋਰੀ ਨਾਂਹ ਕਰ ਦਿੱਤੀ। ਤਾਂ ਉਸਨੇ ਥੱਕ-ਹਾਰ ਮੇਰੀ ਕਾਲ ਦੁਬਾਰਾ ਡੀਸੀਪੀ ਨੂੰ ਟਰਾਂਸਫ਼ਰ ਕਰ ਦਿੱਤੀ। ਡੀਸੀਪੀ ਨੇ ਮੈਨੂੰ ਦਬਕੇ ਮਾਰਦੇ ਹੋਏ ਕਿਹਾ ਕਿ ਤੁਸੀਂ ਸਾਡਾ ਸਹਿਯੋਗ ਕਿਉਂ ਨਹੀਂ ਕਰ ਰਹੇ, ਤੁਹਾਨੂੰ ਆਰਬੀਆਈ ਅਧਿਕਾਰੀਆਂ ਦਾ ਕਹਿਣਾ ਮੰਨਣਾ ਪਵੇਗਾ। ਜੇਕਰ ਤੁਸੀਂ ਇਸ ਕੇਸ ਤੋ ਛੁਟਕਾਰਾ ਚਾਹੁੰਦੇ ਹੋ ਤਾਂ ਜਿਵੇਂ ਉਹ ਕਹਿ ਰਹੇ ਹਨ, ਓਵੇਂ ਮੰਨ ਲਵੋ। ਕਿਉਂਕਿ ਸਾਨੂੰ ਇੰਨਵੈਸਟੀਗੇਸ਼ਨ ਰਾਹੀਂ ਇਹ ਮਹਿਸੂਸ ਹੋਇਆ ਹੈ ਕਿ ਤੁਸੀਂ ਬੇਗੁਨਾਹ ਹੋ ਅਤੇ ਅਸੀਂ ਨਹੀਂ ਚਾਹੁੰਦੇ ਕਿ ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਕੋਈ ਨੁਕਸਾਨ ਹੋਵੇ। ਇਸ ਲਈ ਆਰਬੀਆਈ ਅਧਿਕਾਰੀ ਦੀ ਮਦਦ ਕਰੋ, ਕਿਉਂਕਿ ਆਰਬੀਆਈ ਅਧਿਕਾਰੀ ਹੀ ਇਹ ਸਾਬਤ ਕਰ ਸਕਦੇ ਹਨ ਕਿ ਤੁਹਾਡੇ ਕੋਲ ਕੋਈ ਇਲੀਗਲ ਪੈਸਾ ਆਇਆ ਜਾਂ ਨਹੀਂ। ਇਹ ਕਹਿ ਕੇ ਉਹਨਾਂ ਨੇ ਦੁਬਾਰਾ ਕਾਲ ਆਰਬੀਆਈ ਅਧਿਕਾਰੀ ਨੂੰ ਟਰਾਂਸਫ਼ਰ ਕਰ ਦਿੱਤੀ।

ਆਰਬੀਆਈ ਅਧਿਕਾਰੀ ਨੇ ਕਿਹਾ ਕਿ ਜੇਕਰ ਤੁਸੀਂ ਮਦਦ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਡੀ ਮਰਜ਼ੀ ਹੈ, ਪਰ ਸਾਨੂੰ ਨੈਫਟ ਦੇ ਯੂਟੀਆਰ ਨੰਬਰ ਰਾਹੀਂ ਕੋਡ ਦਾ ਮਿਲਾਣ ਕਰਨਾ ਹੀ ਪਵੇਗਾ। ਚੂੰਕਿ ਮੈਨੂੰ ਖਹਿੜਾ ਛੁਡਵਾਉਣਾ ਸੀ, ਇਸ ਲਈ ਮੇਰੇ ਦਿਮਾਗ਼ 'ਚ ਕੁਝ ਸੁੱਝਿਆ ਤੇ ਮੈਂ ਨੈਫਟ ਲਈ ਹਾਂ ਕਰ ਦਿੱਤੀ। ਮੈਂ ਗ਼ਲਤ ਮਲਤ ਅਤੇ ਅਧੂਰਾ ਜਿਹਾ ਨੈਫਟ ਫਾਰਮ ਭਰਿਆ, ਜਿੱਥੇ ਨਾਂ ਲਿਖਣਾ ਸੀ ਉੱਥੇ ਬਰਾਂਚ ਦਾ ਨਾਂ ਲਿਖ ਦਿੱਤਾ ਜਿੱਥੇ ਬਰਾਂਚ ਦਾ ਨਾਮ ਲਿਖਣਾ ਸੀ ਉੱਥੇ ਪੈਸੇ ਪ੍ਰਾਪਤੀ ਕਰਨ ਵਾਲੇ ਦਾ ਨਾਂ ਲਿਖ ਦਿੱਤਾ। ਫਾਰਮ ਵਿੱਚ ਥਾਂ-ਥਾਂ 'ਤੇ ਕਟਿੰਗ ਕਰਕੇ ਆਪਣੇ ਜਾਅਲੀ ਜਿਹੇ ਸਾਈਨ ਕਰ ਦਿੱਤੇ। ਫਿਰ ਉਸ ਨੇ ਕਿਹਾ ਕਿ ਸਾਨੂੰ ਨੈਫਟ ਫਾਰਮ ਦੀ ਫ਼ੋਟੋ ਭੇਜੋ। ਫ਼ੋਟੋ ਚੈੱਕ ਕਰਨ ਤੇ ਬਾਅਦ ਉਸਨੇ ਮੈਨੂੰ ਚੈੱਕ ਕੱਟਣ ਲਈ ਕਿਹਾ ਪਰ ਮੈਂ ਨਾਂਹ ਕਰ ਦਿੱਤੀ। ਉਸਨੇ ਫਿਰ ਕਾਲ ਡੀਸੀਪੀ ਨੂੰ ਟਰਾਂਸਫ਼ਰ ਕਰ ਦਿੱਤੀ। ਡੀਸੀਪੀ ਨੇ ਮੈਨੂੰ ਧਮਕਾਉਂਦਿਆਂ ਅਤੇ ਕਿਹਾ ਕਿ ਅਸੀਂ ਪਿਛਲੇ 28-30 ਘੰਟਿਆਂ ਤੋ ਤੇਰੀ ਸਹਾਇਤਾ ਲਈ ਸਭ ਕੁਝ ਕਰ ਰਹੇ ਹਾਂ, ਕਿਉਂਕਿ ਤੂੰ ਸਾਨੂੰ ਬੇਗੁਨਾਹ ਜਾਪਦਾ ਹੈ। ਪਰ ਬੇਗੁਨਾਹੀ ਸਾਬਤ ਕਰਨ ਲਈ ਆਰਬੀਆਈ ਅਧਿਕਾਰੀਆਂ ਦੀ ਗੱਲ ਮੰਨਣੀ ਪਵੇਗੀ।

ਮੈਂ ਸੋਚਿਆ, ਕੀ ਕਰਾਂ? ਬੜੇ ਕਸੂਤੇ ਫਸੇ। ਫਿਰ ਮੇਰੇ ਦਿਮਾਗ਼ ਵਿੱਚ ਇੱਕ ਖ਼ਿਆਲ ਆਇਆ ਅਤੇ ਮੈਂ ਉਸ ਖਾਤੇ ਦੀ ਚੈੱਕ ਬੁੱਕ ਲਈ ਜਿਸ ਵਿੱਚ ਬੈਲੰਸ 30 ਕੁ ਹਜ਼ਾਰ ਹੀ ਸੀ ਅਤੇ ਮੈਂ ਉਸ ਖਾਤੇ ਦੇ ਚੈੱਕ ਵਿਚ 3,58,756 ਰੁਪਏ ਦੀ ਰਾਸ਼ੀ ਭਰ ਦਿੱਤੀ ਅਤੇ ਥੱਲੇ ਜਾਅਲੀ ਜਿਹੇ ਸਾਈਨ ਕਰ ਦਿੱਤੇ ਤੇ ਉਸ ਦੀ ਫ਼ੋਟੋ ਉਹਨਾਂ ਨੂੰ ਭੇਜ ਦਿੱਤੀ। ਉਸਨੇ ਕਿਹਾ ਕਿ ਹੁਣ ਤੁਸੀਂ ਬੈਂਕ ਜਾ ਕੇ ਇਹ ਨੈਫਟ ਫਾਰਮ ਅਤੇ ਚੈੱਕ ਕਾਊਂਟਰ 'ਤੇ ਦੇ ਦਿਓ, ਕਿਸੇ ਨਾਲ ਜ਼ਿਆਦਾ ਗੱਲ ਨਹੀਂ ਕਰਨੀ, ਕਿਉਂਕਿ ਤੁਹਾਡੀ ਰਿਕਾਰਡਿੰਗ 'ਤੇ ਚੱਲ ਰਹੀ ਹੈ। ਮੈਂ ਬੈਂਕ ਗਿਆ, ਨੈਫਟ ਕਾਊਂਟਰ 'ਤੇ ਮੇਰਾ ਦੋਸਤ ਹੀ ਬੈਠਾ ਸੀ। ਮੈਂ ਇੱਕ ਕਾਗ਼ਜ਼ ਲਿਆ ਅਤੇ ਉਸ 'ਤੇ ਲਿਖਿਆ ਕਿ ਮੈਂ 'ਔਨ ਕਾਲ' ਹਾਂ, ਗੱਲ ਨਹੀਂ ਕਰਨੀ, ਜੋ ਮੈਂ ਤੁਹਾਨੂੰ ਨੈਫਟ ਫਾਰਮ ਦੇ ਰਿਹਾ ਹਾਂ, ਇਸ ਨੂੰ ਨਹੀਂ ਕਰਨਾ ਅਤੇ ਕੋਈ ਬਹਾਨਾ ਬਣਾ ਦੇਣਾ। ਮੈਂ ਕਾਊਂਟਰ 'ਤੇ ਨੈਫਟ ਦਾ ਫਾਰਮ ਦੇ ਕੇ ਇੱਕ ਸਾਈਡ 'ਤੇ ਬਣੇ ਇਨਵਰਟਰ ਰੂਮ 'ਚ ਬੈਠ ਗਿਆ। ਉਹ ਕਾਗ਼ਜ਼ ਪੜ੍ਹ ਕੇ ਮੇਰੇ ਕੋਲ ਆ ਗਿਆ, ਮੈਂ ਉਸ ਨੂੰ ਇਸ਼ਾਰਾ ਕੀਤਾ ਕਿ ਮੇਰੇ ਨਾਲ ਗੱਲ ਨਾ ਕਰੇ। ਮੈਂ ਉਸ ਨੂੰ ਆਰਬੀਆਈ ਦਾ ਲੈਟਰ ਦਿਖਾਇਆ ਤਾਂ ਉਸ ਨੇ ਲਿਖਤ ਵਿੱਚ ਮੈਨੂੰ ਜਵਾਬ ਦਿੱਤਾ ਕਿ ਇਹ ਤਾਂ ਫ਼ਰਜ਼ੀ ਜਿਹਾ ਜਾਪਦਾ ਹੈ। ਇਸ ਦੌਰਾਨ ਉਸ ਆਰਬੀਆਈ ਅਧਿਕਾਰੀ ਨੇ ਮੈਨੂੰ ਕਿਹਾ ਕਿ ਤੁਸੀਂ ਪਤਾ ਕਰੋ ਕਿ ਨੈਫਟ ਹੋਇਆ ਹੈ ਜਾਂ ਨਹੀਂ। ਮੈਂ ਕਿਹਾ, ਪਤਾ ਕਰਦਾ ਹਾਂ, ਮੈਂ ਉਸ ਨੂੰ ਦੱਸਿਆ ਕਿ ਨੈਫਟ ਨਹੀਂ ਹੋ ਰਿਹਾ। ਉਸਨੇ ਕਿਹਾ ਕਿ ਮੇਰੀ ਵੀਡੀਓ ਕਾਲ 'ਤੇ ਉਸ ਕਾਊਂਟਰ 'ਤੇ ਬੈਠੇ ਕਰਮਚਾਰੀ ਨਾਲ ਗੱਲ ਕਰਾਓ, ਜੋ ਨੈਫਟ ਨਹੀਂ ਕਰ ਰਿਹਾ, ਉਸ ਨੂੰ ਹੁਣੇ ਲੋਕਲ ਪੁਲਿਸ ਤੋਂ ਚਕਵਾਉਣੇ ਹਾਂ। ਮੈਂ ਮੋਬਾਈਲ ਆਪਣੇ ਦੋਸਤ ਨੂੰ ਦੇ ਦਿੱਤਾ, ਉਸਨੇ ਦੱਸਿਆ ਕਿ ਸਰਵਰ ਡਾਊਨ ਹੈ, ਇਸ ਕਰਕੇ ਪੇਮੈਂਟ ਨਹੀਂ ਹੋ ਰਹੀ। ਮੇਰੇ ਦੋਸਤ ਨੇ ਜਦੋਂ ਉੱਚੀ ਅਵਾਜ਼ 'ਚ ਉਸ ਨਾਲ ਗੱਲ ਕੀਤੀ ਤਾਂ ਆਰਬੀਆਈ ਅਧਿਕਾਰੀ ਕਾਹਲਾ ਪੈ ਗਿਆ। ਉਸਨੇ ਕਿਹਾ ਕਿ ਮੋਬਾਈਲ ਕਸਟਮਰ ਨੂੰ ਦਿਓ, ਮੈਂ ਉਸ ਨਾਲ ਗੱਲ ਕਰਨੀ ਹੈ। ਦੋਸਤ ਨੇ ਉੱਤਰ ਦਿੱਤਾ ਕਿ ਨਹੀਂ ਤੁਸੀਂ ਮੇਰੇ ਨਾਲ ਹੀ ਗੱਲ ਕਰੋ, ਕਿਉਂਕਿ ਨੈਫਟ ਮੈਂ ਕਰਨੀ ਹੈ ਅਤੇ ਮੇਰੇ ਕੋਲ ਇਸਦਾ ਅਧਿਕਾਰ ਹੈ। ਜਦੋਂ ਕੁਝ ਸਮਾਂ ਉਹਨਾਂ ਦੀ ਆਪਸੀ ਬਹਿਸ ਹੋਈ ਤਾਂ ਉਹ ਫ਼ਰਜ਼ੀ ਅਧਿਕਾਰੀ ਆਪਣੇ ਪੈਰਾਂ ਤੋ ਨਿਕਲ ਗਿਆ। ਕਿਓਂਕਿ ਉਹ 5-7 ਬੰਦਿਆਂ ਦਾ ਇੱਕ ਗੈਂਗ ਜਾਪਦਾ ਸੀ ਜੋ ਪੈਸੇ ਦੀ ਖਾਤਰ ਪਿਛਲੇ 30-32 ਘੰਟਿਆਂ ਤੋਂ ਮੈਨੂੰ ਪਰੇਸ਼ਾਨ ਕਰ ਰਹੇ ਸਨ। ਹੁਣ ਉਹ ਪੈਸੇ ਟ੍ਰਾਂਸਫ਼ਰ ਲਈ ਤਰਲੋਮੱਛੀ ਹੋ ਰਹੇ ਸਨ, ਇਸ ਲਈ ਤਾਂ ਉਹ ਫ਼ਰਜ਼ੀ ਅਧਿਕਾਰੀ ਇੱਧਰ-ਉੱਧਰ ਦੀਆਂ ਗੱਲਾਂ ਕਰਨ ਲੱਗ ਗਿਆ ਤਾਂ ਮੇਰੇ ਦੋਸਤ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬੰਦਾ ਫ਼ਰਜ਼ੀ ਹੈ। ਮੇਰੇ ਦੋਸਤ ਨੇ ਕਾਲ ਡਿਸਕਨੈਕਟ ਕਰਕੇ ਮੋਬਾਈਲ ਬੰਦ ਕਰ ਦਿੱਤਾ। ਫਿਰ ਉਸਨੇ ਆ ਕੇ ਮੈਨੂੰ ਦੱਸਿਆ ਕਿ ਇਹ ਤਾਂ ਕੋਈ ਫਰੋਡ ਹੀ ਸੀ। ਮੈਂ ਕਿਹਾ, ਮੈਨੂੰ ਵੀ ਲੱਗਦਾ ਸੀ ਕਿ ਫਰੋਡ ਹੈ, ਇਸੇ ਕਰਕੇ ਮੈਂ ਤੁਹਾਨੂੰ ਲਿਖ ਕੇ ਭੇਜਿਆ ਸੀ ਕਿ ਇਹ ਟ੍ਰਾਂਜੈਕਸ਼ਨ ਨਹੀਂ ਕਰਨੀ। ਬਾਕੀ ਜਿਸ ਖਾਤੇ ਦਾ ਚੈੱਕ ਮੈਂ ਭਰ ਕੇ ਦਿੱਤਾ ਹੈ, ਉਸ ਖਾਤੇ ਵਿੱਚ ਇਨ੍ਹਾਂ ਪੈਸਾ ਹੀ ਨਹੀਂ ਸੀ, ਚੈੱਕ ਵੈਸੇ ਵੀ ਬਾਉਂਸ ਹੋ ਜਾਣਾ ਸੀ। ਤੁਰੰਤ ਮੇਰੇ ਦੋਸਤ ਨੇ ਐੱਸ.ਪੀ. ਦੇ ਪੀ.ਏ. ਨਾਲ ਗੱਲ ਕੀਤੀ, ਐੱਸ.ਪੀ. ਦੀ ਪੀ.ਏ. ਨੇ ਮੇਰੇ ਨਾਲ ਗੱਲ ਕਰਦਿਆਂ ਮੈਨੂੰ ਦੱਸਿਆ ਕਿ ਅਜਿਹੇ ਫਰੋਡ ਅੱਜ-ਕਲ ਔਨਲਾਈਨ ਹੋਣ ਲੱਗ ਗਏ ਨੇ, ਤੁਸੀਂ ਚੰਗੇ ਰਹੇ ਕਿ ਤੁਸੀਂ ਆਪਣਾ ਬਚਾਅ ਕਰ ਲਿਆ। ਜੇਕਰ ਤੁਹਾਡੀ ਜਗ੍ਹਾ ਤੇ ਕੋਈ ਹੋਰ ਹੁੰਦਾ ਤਾਂ ਉਸ ਦਾ ਬਹੁਤ ਵੱਡਾ ਨੁਕਸਾਨ ਹੋ ਜਾਣਾ ਸੀ। ਫਿਰ ਮੈਂ ਅਤੇ ਮੇਰਾ ਬੈਂਕ ਵਾਲਾ ਦੋਸਤ ਪੁਲਿਸ ਥਾਣੇ ਗਏ। ਥਾਣੇ ਵਾਲਿਆਂ ਨੇ ਦੱਸਿਆ ਕਿ ਅਜਿਹੇ ਫਰੋਡ ਕੇਸਾਂ ਦਾ ਸਾਡੇ ਇੱਥੇ ਕੁਝ ਨਹੀਂ ਬਣਦਾ। ਸਾਈਬਰ ਕ੍ਰਾਈਮ ਥਾਣਾ ਵੀ ਸਿਰਫ਼ ਉਹਨਾਂ ਦੀ ਹੀ ਮਦਦ ਕਰ ਪਾਉਂਦਾ ਹੈ ਜਿਨ੍ਹਾਂ ਦੇ ਨਾਲ ਧੋਖਾ ਹੋ ਜਾਂਦਾ ਹੈ। ਤੁਸੀਂ ਭਾਗਸ਼ਾਲੀ ਹੋ ਕਿ ਤੁਹਾਡੇ ਨਾਲ ਧੋਖਾ ਨਹੀਂ ਹੋਇਆ। ਬੱਸ ਤੁਸੀਂ ਉਸ ਫ਼ੋਨ ਨੰਬਰ ਨੂੰ ਬਲੌਕ ਕਰ ਦਿਓ, ਤੁਹਾਡਾ ਨੁਕਸਾਨ ਨਹੀਂ ਹੋਇਆ, ਇਸ ਕਰਕੇ ਤੁਹਾਨੂੰ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ। ਬੱਸ ਖ਼ੁਦ ਜਾਗਰੂਕ ਰਹੋ ਅਤੇ ਦੂਸਰਿਆਂ ਨੂੰ ਜਾਗਰੂਕ ਕਰਦੇ ਰਹੋ।

ਫਿਰ ਅਸੀਂ ਬੈਂਕ ਵਿੱਚ ਆ ਗਏ, ਚਾਹ ਪੀਤੀ, ਸੁੱਖ ਦਾ ਸਾਹ ਲਿਆ। ਇਹ ਤਰ੍ਹਾਂ ਮੈਂ ਪਿਛਲੇ 30 ਘੰਟਿਆਂ ਦੀ ਆਫ਼ਤ ਤੋ ਬਾਅਦ ਬਿਨਾਂ ਕੁੱਝ ਗਵਾਏ ਛੁਟਕਾਰਾ ਪਾ ਲਿਆ। ਇਨ੍ਹਾਂ ਆਫ਼ਤ ਦੇ 30-32 ਘੰਟਿਆਂ ਦੌਰਾਨ ਮੇਰਾ ਮਨ ਅਡੋਲ ਰਿਹਾ, ਪਰ ਹੁਣ ਸੋਚ ਕੇ ਰੂਹ ਕੰਬ ਜਾਂਦੀ ਹੈ। ਸੋ ਸਾਨੂੰ ਸੁਚੇਤ ਹੋਣਾ ਪਵੇਗਾ ਕਿ ਜੇਕਰ ਸਾਨੂੰ ਕੋਈ ਅਣ-ਅਧਿਕਾਰਤ ਮੈਸੇਜ ਜਾਂ ਫੋਨ ਆਉਂਦਾ ਹੈ ਤਾਂ ਉਸ ਨਾਲ ਗੱਲ ਕਰਨ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਦੀਆਂ ਗੱਲਾਂ ਵਿੱਚ ਫਸਣਾ ਚਾਹੀਦਾ ਹੈ। ਅਣਪਛਾਤੇ ਨੰਬਰ ਤੋਂ ਆਈ ਵਟਸਐਪ ਆਡੀਓ ਜਾਂ ਵੀਡੀਓ ਕਾਲ ਕਦੇ ਵੀ ਨਹੀਂ ਚੁੱਕਣੀ ਚਾਹੀਦੀ। ਜੇਕਰ ਕਿਸੇ ਨਾਲ ਅਜਿਹਾ ਕੁਝ ਵਾਪਰਦਾ ਹੈ ਤਾਂ ਤੁਰੰਤ ਪੁਲਿਸ ਨੂੰ ਸ਼ਿਕਾਇਤ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਅਪਰਾਧਾਂ ’ਚ ਵਾਧੇ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਸਾਈਬਰ ਅਪਰਾਧ ਕਾਨੂੰਨਾਂ ਨੂੰ ਜਿਆਦਾ ਸਖਤ ਕੀਤਾ ਜਾਣਾ ਚਾਹੀਦਾ ਹੈ ਅਤੇ ਜਲਦੀ ਨਿਆਂ ਪ੍ਰਦਾਨ ਕਰਨ ਲਈ ਵਿਸ਼ੇਸ਼ ਅਦਾਲਤਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਾਈਬਰ ਅਪਰਾਧਾਂ ਤੋਂ ਬਚਣ ਲਈ ਆਮ ਲੋਕਾਂ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ।

**REFERENCE:**

1. *ਹੱਡਬੀਤੀ/ ਨਿੱਜੀ ਅਨੁਭਵ*